# ਨਸਲਵਾਦ ਵਿਰੋਧੀ ਨੀਤੀ

ਪਿਆਰੇ ਮਾਪਿਓ ਅਤੇ ਸੰਭਾਲਕੋ

ਸਿੱਖਿਆ ਵਿਭਾਗ ਨਸਲਵਾਦ ਦੇ ਸਾਰੇ ਰੂਪਾਂ ਨੂੰ ਰੱਦ ਕਰਦਾ ਹੈ ਅਤੇ NSW ਦੇ ਪਬਲਿਕ ਸਕੂਲਾਂ ਵਿੱਚ ਨਸਲੀ ਵਿਤਕਰੇ ਦੇ ਸਾਰੇ ਰੂਪਾਂ ਨੂੰ ਖਤਮ ਕਰਨ ਲਈ ਵਚਨਬੱਧ ਹੈ। ਵਿਭਾਗ ਦੀ Anti-Racism Policy (ਨਸਲਵਾਦ ਵਿਰੋਧੀ ਨੀਤੀ) ਦਾ ਉਦੇਸ਼ ਇਹ ਯਕੀਨੀ ਬਣਉਂਦਾ ਹੈ ਕਿ ਕੋਈ ਵੀ ਵਿਦਿਆਰਥੀ, ਕਰਮਚਾਰੀ, ਮਾਤਾ-ਪਿਤਾ, ਸੰਭਾਲਕ ਜਾਂ ਕਮਿਯੂਨਿਟੀ ਮੈਂਬਰ ਸਕੂਲ ਦੇ ਮਹੌਲ ਵਿੱਚ ਨਸਲਵਾਦ ਦਾ ਅਨੁਭਵ ਨਾ ਕਰੇ।

ਇਹ ਨੀਤੀ ਸਕੂਲ ਦੇ ਭਾਈਚਾਰੇ ਦੇ ਸਾਰੇ ਮੈਂਬਰਾਂ ਨੂੰ ਦੂਜਿਆਂ ਦੇ ਸਭਿਆਚਾਰਕ, ਭਾਸ਼ਾਈ ਅਤੇ ਧਾਰਮਿਕ ਪਿਛੋਕੜਾਂ ਲਈ ਸਤਿਕਾਰ ਦਾ ਪ੍ਰਦਰਸ਼ਨ ਕਰਕੇ, ਅਤੇ ਸਕੂਲੀ ਮਾਹੌਲ ਵਿੱਚ ਸਵੀਕ੍ਰਿਤੀ ਅਤੇ ਸਦਭਾਵਨਾ ਨੂੰ ਉਤਸ਼ਾਹਿਤ ਕਰਨ ਵਾਲੇ ਤਰੀਕਿਆਂ ਨਾਲ ਵਿਵਹਾਰ ਕਰਕੇ ਨਸਲਵਾਦ ਦਾ ਮੁਕਾਬਲਾ ਕਰਨ ਵਿੱਚ ਮਦਦ ਕਰਨ ਲਈ ਕਹਿੰਦੀ ਹੈ।

ਹਰੇਕ ਸਕੂਲ ਵਿੱਚ ਇੱਕ ਨਸਲਵਾਦ ਵਿਰੋਧੀ ਸੰਪਰਕ ਅਫਸਰ (Anti-Racism Contact Officer (ARCO)) ਹੁੰਦਾ ਹੈ ਜਿਸ ਨੂੰ ਨਸਲਵਾਦ ਦਾ ਮੁਕਾਬਲਾ ਕਰਨ ਅਤੇ ਸਕੂਲਾਂ ਵਿੱਚ ਨਸਲਵਾਦ ਦੀਆਂ ਸ਼ਿਕਾਇਤਾਂ ਕਰਨ ਵੇਲੇ ਸਕੂਲ ਦੇ ਭਾਈਚਾਰੇ ਦੀ ਸਹਾਇਤਾ ਕਰਨ ਲਈ ਸਿਖਲਾਈ ਦਿੱਤੀ ਜਾਂਦੀ ਹੈ। ਨੀਤੀ ਅਤੇ ARCO ਦੀ ਭੂਮਿਕਾ ਬਾਰੇ ਹੋਰ ਜਾਣਕਾਰੀ ਲਈ ਵੇਖੋ Anti-Racism Policy - Information for parents and carers (ਮਾਪਿਆਂ ਅਤੇ ਸੰਭਾਲਕਾਂ ਲਈ ਨਸਲਵਾਦ ਵਿਰੋਧੀ ਨੀਤੀ ਸਬੰਧਤ ਵਧੇਰੇ ਜਾਣਕਾਰੀ)।

ਸਕੂਲ ਦੇ ਸਕਾਰਾਤਮਕ ਮਾਹੌਲ ਨੂੰ ਬਣਾਈ ਰੱਖਣ ਵਿੱਚ ਸਾਡੀ ਸਹਾਇਤਾ ਕਰਨ ਲਈ ਤੁਹਾਡਾ ਧੰਨਵਾਦ ਜਿਸ ਵਿੱਚ ਨਸਲਵਾਦ ਦੇ ਸਾਰੇ ਰੂਪਾਂ ਨੂੰ ਰੱਦ ਕੀਤਾ ਜਾਂਦਾ ਹੈ। ਕਿਰਪਾ ਕਰਕੇ ਮੇਰੇ ਨਾਲ ਸੰਪਰਕ ਕਰੋ ਜੇਕਰ ਤੁਹਾਨੂੰ ਜਾਂ ਤੁਹਾਡੇ ਬੱਚੇ ਨੂੰ ਨਸਲਵਾਦ ਦੇ ਕਿਸੇ ਰੂਪ ਦਾ ਅਨੁਭਵ ਹੁੰਦਾ ਹੈ, ਸਾਡੇ ਸਕੂਲ ਵਿੱਚ ਨਸਲਵਾਦ ਦਾ ਸਾਹਮਣਾ ਕਰ ਰਹੇ ਕਿਸੇ ਵੀ ਵਿਅਕਤੀ ਹੋ ਦੇ ਗਵਾਹੀ ਹੋ, ਜਾਂ ਜੇਕਰ ਤੁਹਾਨੂੰ ਵਧੇਰੇ ਜਾਣਕਾਰੀ ਜਾਂ ਸਹਾਇਤਾ ਦੀ ਲੋੜ ਹੈ।

ਤੁਹਾਡਾ ਸ਼ੁਭ ਚਿੰਤਕ

ਪ੍ਰਿੰਸੀਪਲ

## ਦੁਭਾਸ਼ਿਆਈ ਸਹਾਇਤਾ

ਜੇ ਤੁਹਾਨੂੰ ਵਧੇਰੇ ਜਾਣਕਾਰੀ ਚਾਹੀਦੀ ਹੋਵੇ ਅਤੇ ਤੁਹਾਨੂੰ ਸਕੂਲ ਜਾਂ ਪ੍ਰਿੰਸੀਪਲ ਨਾਲ ਸੰਪਰਕ ਕਰਨ ਵਿੱਚ ਮਦਦ ਕਰਨ ਲਈ ਦੁਭਾਸ਼ੀਏ ਦੀ ਲੋੜ ਹੈ ਤਾਂ ਕਿਰਪਾ ਕਰਕੇ 131 450 'ਤੇ ਟੈਲੀਫੋਨ ਦੁਭਾਸ਼ਿਆਈ ਸੇਵਾ ਨੂੰ ਫੋਨ ਕਰੋ ਅਤੇ ਤੁਹਾਡੀ ਆਪਣੀ ਭਾਸ਼ਾ ਵਿੱਚ ਦੁਭਾਸ਼ੀਏ ਦੀ ਮੰਗ ਕਰੋ।

ਆਪਰੇਟਰ ਨੂੰ ਸਕੂਲ ਦਾ ਨੰਬਰ ਦੱਸੋ ਅਤੇ ਆਪਰੇਟਰ ਸਕੂਲ ਨੂੰ ਫੋਨ ਕਰੇਗਾ ਅਤੇ ਤੁਹਾਡੀ ਗੱਲਬਾਤ ਵਿੱਚ ਤੁਹਾਡੀ ਸਹਾਇਤਾ ਕਰਨ ਲਈ ਲਾਈਨ 'ਤੇ ਇੱਕ ਦੁਭਾਸ਼ੀਏ ਨੂੰ ਲਿਆਵੇਗਾ।

ਤੁਹਾਡੇ ਕੋਲੋਂ ਇਸ ਦੁਭਾਸ਼ਿਆਈ ਸੇਵਾ ਦੀ ਵਰਤੋਂ ਲਈ ਕੋਈ ਵੀ ਖਰਚਾ ਨਹੀਂ ਲਿਆ ਜਾਵੇਗਾ।